# ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 28 ਨਵੰਬਰ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

## ਰਾਈਟ ਟੂ ਐਜੂਕੇਸ਼ਨ ਐਕਟ ਦੀ ਧਾਰਾ 12 ਨੂੰ ਲਾਗੂ ਕਰਨਾ

**126. ਸ਼੍ਰੀ ਸੋਮ ਪ੍ਰਕਾਸ਼, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਇਟ ਟੂ ਐਜੂਕੇਸ਼ਨ ਐਕਟ ਦੀ ਧਾਰਾ 12 ਅਧੀਨ ਰਾਜ ਦੇ ਪ੍ਰਾਈਵੇਟ ਸਕੂਲਾਂ ਵਿੱਚ 25% ਸੀਟਾਂ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ ਲਾਜ਼ਮੀ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਪਿਛਲੇ ਪੰਜ ਸਾਲਾਂ ਵਿੱਚ ਕਿੰਨੇ ਗਰੀਬ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਦਿੱਤਾ ਗਿਆ ਹੈ?

## ਕਿਸਾਨਾਂ ਦੀ ਜ਼ਮੀਨ ਦੀ ਕੁਰਕੀ

**127. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ 1986 ਤੋਂ ਬਾਅਦ ਹੁਣ ਤੱਕ ਕਰਜ਼ਾ ਨਾ ਮੋੜਨ ਵਾਲੇ ਕਿਸਾਨਾ ਦੀ ਜ਼ਮੀਨ ਦੀ ਕੁਰਕੀ ਸਬੰਧੀ ਪੰਜਾਬ ਸਹਿਕਾਰੀ ਸੁਸਾਇਟੀਜ਼ ਕਾਨੂੰਨ 1961 ਦੀ ਧਾਰਾ 67-ਏ ਦੀ ਵਰਤੋਂ ਕਿੰਨੀ ਵਾਰ ਕੀਤੀ ਗਈ ਹੈ?

## ਪੀ.ਐਫ.ਸੀ. ਦੁਆਰਾ ਨਿਵੇਸ਼

**128. ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਅਪ੍ਰੈਲ 1991 ਤੋਂ ਮਾਰਚ 2002 ਤੱਕ ਉਦਯੋਗਿਕ ਖੇਤਰ ਵਿੱਚ ਪੀ.ਐਫ.ਸੀ. (ਪੰਜਾਬ ਵਿੱਤ ਕਾਰਪੋਰੇਸ਼ਨ) ਦੁਆਰਾ ਕੀਤੇ ਗਏ ਨਿਵੇਸ਼ਾਂ ਦੇ ਵਿੱਤੀ ਸਾਲ-ਵਾਰ ਵੇਰਵੇ ਕੀ ਹਨ;

ਅ) ਉਪਰੋਕਤ ਦੱਸੇ ਗਏ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਕੀ ਹੈ ਜਿਨ੍ਹਾਂ ਵਿੱਚ ਉਪਰੋਕਤ ਵਰਣਿਤ ਨਿਵੇਸ਼ ਕੀਤੇ ਗਏ ਸਨ?

## ਪ੍ਰੋ. ਹਰਗੋਬਿੰਦ ਖੁਰਾਣਾ ਸਕੀਮ ਅਧੀਨ ਵਿਦਿਆਰਥੀਆਂ ਨੂੰ ਵਜ਼ੀਫਾ ਦੇਣਾ

**129. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਦਸਵੀਂ ਵਿਚੋਂ 80% ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰੋ: ਹਰਗੋਬਿੰਦ ਖੁਰਾਣਾ ਸਕੀਮ ਅਧੀਨ ਵਜੀਫਾ ਮਿਲਦਾ ਹੈ; ਜੇਕਰ ਮਿਲਦਾ ਹੈ ਤਾਂ ਪਿੱਛਲੇ ਸਾਲ 2016-17 ਵਿੱਚ ਇਹ ਵਜੀਫਾ ਕਿੰਨੇ ਵਿਦਿਆਰਥੀਆਂ ਨੂੰ ਦਿੱਤਾ ਗਿਆ ਹੈ;

ਅ) ਪਿੱਛਲੇ ਪੰਜ ਸਾਲਾਂ 2012-13, 2013-14, 2014-15, 2015-16, 2016-17 ਦੌਰਾਨ ਕਿੰਨਾਂ ਵਜੀਫਾ ਕਿੰਨੇ ਵਿਦਿਆਰਥੀਆਂ ਨੂੰ ਦਿੱਤਾ ਗਿਆ?

## ਪ੍ਰਾਈਵੇਟ ਬੱਸਾਂ ਨਾਲ ਹੋਏ ਐਕਸੀਡੈਂਟਾਂ ਦੀ ਗਿਣਤੀ

**130. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛੱਲੇ 10 ਸਾਲਾਂ ਤੋਂ ਪ੍ਰਾਈਵੇਟ ਬੱਸਾਂ ਨਾਲ ਕੁੱਲ ਕਿੰਨੇ ਲੋਕਾਂ ਦੇ ਐਕਸੀਡੈਂਟ ਹੋਏ ਹਨ ਅਤੇ ਇਨ੍ਹਾਂ ਐਕਸੀਡੈਂਟਾਂ ਵਿਚ ਕੁੱਲ ਕਿੰਨੀਆਂ ਮੌਤਾਂ ਅਤੇ ਕੁੱਲ ਕਿੰਨੇ ਲੋਕ ਫ਼ੱਟੜ ਹੋਏ ਹਨ;

ਅ) ਹੁਣ ਤੱਕ ਇਹਨਾਂ ਕੇਸਾਂ ਵਿਚ ਪੀੜਤ ਕਿੰਨੇ ਲੋਕਾਂ ਨੂੰ ਸਰਕਾਰ ਵਲੋਂ ਮੁਆਵਜ਼ਾ ਦਿੱਤਾ ਜਾ ਚੁੱਕਿਆ ਹੈ?

## ਇਰਾਕ ਵਿਚ ਫਸੇ ਪੰਜਾਬੀਆਂ ਨੂੰ ਵਾਪਿਸ ਲਿਆਉਣ ਬਾਰੇ

**131. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਇਰਾਕ ਵਿਚ ਆਈ.ਐਸ.ਆਈ. ਦੇ ਚੁੰਗਲ ਵਿਚ ਪਿਛੱਲੇ ਤਿੰਨ ਸਾਲਾਂ ਤੋਂ ਫਸੇ 39 ਭਾਰਤੀਆਂ ਵਿਚੋਂ 23 ਵਿਅਕਤੀ ਪੰਜਾਬ ਰਾਜ ਦੇ ਹਨ;

ਅ) ਕੀ ਪੰਜਾਬ ਸਰਕਾਰ ਨੇ ਪੰਜਾਬ ਰਾਜ ਨਾਲ ਸਬੰਧਤ 23 ਵਿਅਕਤੀਆਂ ਦੀ ਸੂਚੀ ਕੇਂਦਰ ਸਰਕਾਰ ਤੋਂ ਪ੍ਰਾਪਤ ਕਰ ਲਈ ਹੈ; ਜੇਕਰ ਹਾਂ ਤਾਂ ਇਸ ਦੀ ਸੂਚੀ ਦਿੱਤੀ ਜਾਵੇ;

ੲ) ਸਬੰਧਤ ਵਿਅਕਤੀਆਂ ਨੂੰ ਵਾਪਿਸ ਲਿਆਉਣ ਲਈ ਪੰਜਾਬ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

## ਇਰਾਕ ਵਿਚ ਫਸੇ ਪੰਜਾਬੀਆਂ ਦੇ ਪਰਿਵਾਰਿਕ ਮੈਂਬਰਾਂ ਦਾ ਡੀ.ਐਨ.ਏ. ਟੈਸਟ ਕਰਵਾਉਣਾ

**132. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਇਰਾਕ ਵਿਚ ਆਈ.ਐਸ.ਆਈ. ਦੇ ਚੁੰਗਲ ਵਿਚ ਪਿਛੱਲੇ ਤਿੰਨ ਸਾਲਾਂ ਤੋਂ ਫਸੇ ਪੰਜਾਬ ਰਾਜ ਨਾਲ ਸਬੰਧ 23 ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦਾ ਡੀ.ਐਨ.ਏ. ਟੈਸਟ ਕਰਵਾਉਣ ਲਈ ਕੇਂਦਰ ਸਰਕਾਰ ਵਲੋਂ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ;

ਅ) ਜੇਕਰ ਅਜਿਹਾ ਹੋਵੇ ਤਾਂ 23 ਵਿਕਤੀਆਂ ਦੇ ਪਰਿਵਾਰਾਂ ਦੀ ਸੂਚੀ ਅਤੇ ਦਿਸ਼ਾਂ ਨਿਰਦੇਸ਼ ਦੀ ਕਾਪੀ ਦਿੱਤੀ ਜਾਵੇ;

ੲ) ਕੀ ਇਹ ਠੀਕ ਹੈ ਕਿ ਲੜੀ ਨੰਬਰ 1 ਵਿਚ ਦਰਜ ਪਰਿਵਾਰਾਂ ਦਾ ਡੀ.ਐਨ.ਏ. ਟੈਸਟ ਕਰਨ ਲਈ ਪੰਜਾਬ ਵਿਚ ਲੋੜੀਦੀਆਂ ਮੈਡੀਕਲ ਕਿਟਸ ਉਪਲਬਧ ਨਹੀਂ ਹਨ ਜਿਸ ਕਰਕੇ ਸਾਰੇ ਪਰਿਵਾਰਾਂ ਦਾ ਡੀ.ਐਨ.ਏ. ਟੈਸਟ ਨਹੀਂ ਹੋ ਸਕਿਆ?

ਚੰਡੀਗੜ੍ਹ
ਮਿਤੀ 24 ਨਵੰਬਰ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।